Roll No. ..................

Total No. of Questions : 11]

**01/C**

[Total No. of Printed Pages : 3

**X**

**2039**

**ਸਲਾਨਾ ਪਰੀਖਿਆ ਪ੍ਰਨਾਲੀ**

**PUNJABI**

**Paper–A**

**(Morning Session)**

Time allowed : Three hours

Maximum marks : 70

*ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ ਕੋਡ/ਪੇਪਰ ਕੋਡ ਵਾਲੇ ਖ਼ਾਨੇ ਵਿਚ ਵਿਸ਼ਾ ਕੋਡ/ਪੇਪਰ ਕੋਡ **01/C** ਜ਼ਰੂਰ ਦਰਜ ਕਰੋ ਜੀ ।*

*(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿਚ ਟਾਈਟਲ ਸਹਿਤ 26 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।*

*(iii) ਉੱਤਰ-ਪੱਤਰੀ ਵਿਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।*

*(iv) ਕੋਈ ਵਾਧੂ ਸ਼ੀਟ ਨਹੀਂ ਮਿਲੇਗੀ । ਇਸ ਲਈ ਉੱਤਰ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ ।*

*(v) ਸਾਰੇ ਪ੍ਰਸ਼ਨ ਜ਼ਰੂਰੀ ਹਨ ।*

*(vi) ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇਕ ਲਾਈਨ ਲਾ ਦਿਓ ।*

*(vii) ਪ੍ਰਸ਼ਨਾਂ ਦੇ ਉੱਤਰ ਪਾਠ-ਪੁਸਤਕਾਂ 'ਤੇ ਅਧਾਰਿਤ ਹੋਣੇ ਚਾਹੀਦੇ ਹਨ ।*

1. ਵਸਤੂਨਿਸ਼ਠ ਪ੍ਰਸ਼ਨ :

(ੳ) ਜ਼ੀਨਤ-ਉਨ-ਨਿਸਾ ਔਰੰਗਜ਼ੇਬ ਦੀ ਕੀ ਲੱਗਦੀ ਸੀ ? 1

(ਅ) 'ਨਾਇਕ' ਇਕਾਂਗੀ ਦੇ ਕਿਸੇ ਇੱਕ ਪਾਤਰ ਦਾ ਨਾਂ ਲਿਖੋ । 1

(ੲ) 'ਇੱਕ ਹੋਰ ਨਵਾਂ ਸਾਲ' ਨਾਵਲ ਕਿਸ ਦੀ ਰਚਨਾ ਹੈ ? 1

(ਸ) ਜਲ੍ਹਿਆਂ ਵਾਲੇ ਬਾਗ਼ ਵਿਚ ਸ਼ਹੀਦਾਂ ਦਾ ਖ਼ੂਨ ਕਿਸ ਦਿਨ ਡੁੱਲ੍ਹਾ ਸੀ ? 1

(ਹ) 'ਪਵਣੁ ਗੁਰੂ ਪਾਣੀ ਪਿਤਾ' ਕਵਿਤਾ ਕਿਸ ਦੀ ਰਚਨਾ ਹੈ ? 1

(i) ਗੁਰੂ ਨਾਨਕ ਦੇਵ ਜੀ (ii) ਗੁਰੂ ਅੰਗਦ ਦੇਵ ਜੀ

(iii) ਗੁਰੂ ਅਮਰਦਾਸ ਜੀ (iv) ਗੁਰੂ ਅਰਜਨ ਦੇਵ ਜੀ

(ਕ) 'ਜੰਗ ਦਾ ਹਾਲ' ਕਵਿਤਾ ਵਿੱਚ ਕਿਹੜੀ ਥਾਂ ਦਾ ਜ਼ਿਕਰ ਹੈ ? 1

(i) ਜਮਰੌਦ ਦੀ (ii) ਪਿਸ਼ਾਵਰ ਦੀ

(iii) ਲਾਹੌਰ ਦੀ (iv) ਫੇਰੂ ਸ਼ਹਿਰ ਦੀ

(ਖ) ਲੇਖਕ ਗੁਰਬਖ਼ਸ਼ ਸਿੰਘ ਜ਼ਿੰਦਗੀ ਦਾ ਅਸਲ ਸੋਨਾ ਕਿਸ ਚੀਜ਼ ਨੂੰ ਕਹਿੰਦਾ ਹੈ ? 1

(ਗ) ਬਾਬਾ ਰਾਮ ਸਿੰਘ ਦੇ ਪੈਰੋਕਾਰ ਕੀ ਅਖਵਾਉਂਦੇ ਸਨ/ਹਨ ? 1

(ਘ) 'ਕੁਲਫ਼ੀ' ਕਹਾਣੀ ਦਾ ਲੇਖਕ ਕੌਣ ਹੈ ? 1

(ਙ) ਵੀਰਾਂਵਾਲੀ ਕਿਸਨ ਸਿੰਘ ਦੀ ਕੀ ਲੱਗਦੀ ਸੀ ? 1

10×1=10

2. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 150 ਸ਼ਬਦਾਂ ਵਿੱਚ ਲਿਖੋ :

(ੳ) ਕੁਝ ਡਿਗਦੀ ਕੁਝ ਢਹਿੰਦੀ ਉਠਦੀ, ਬਹਿੰਦੀ ਤੇ ਦਮ ਲੈਂਦੀ ।
ਜਿਉਂ ਕਰ ਤੋਟ ਸ਼ਰਾਬੋਂ ਆਵੇ, ਫੇਰ ਉੱਤੇ ਵਲ ਵੈਂਦੀ ।
ਢੂੰਡੇ ਖੋਜ ਸ਼ੁਤਰ ਦਾ ਕਿਤ ਵਲ, ਹਰਗਿਜ਼ ਭਾਲ ਨਾ ਪੈਂਦੀ ।
ਹਾਸ਼ਮ ਜਗਤ ਨਾ ਕਿਉਂ ਕਰ ਗਾਵੇ, ਪ੍ਰੀਤ ਸੰਪੂਰਨ ਜੈਂਦੀ । 5

(ਅ) ਲੱਖ ਨਗਾਰੇ ਵੱਜਣ ਆਹਮੋ ਸਾਹਮਣੇ ॥
ਰਾਕਸ਼ ਰਣੋ ਨ ਭੱਜਣ ਰੋਹੇ ਰੋਹਲੇ ॥
ਸੀਹਾਂ ਵਾਂਗੂ ਗੱਜਣ ਸੱਭੇ ਸੂਰਮੇ ॥
ਤਣਿ-ਤਣਿ ਕੈਬਰ ਛੱਡਣ ਦੁਰਗਾ ਸਾਹਮਣੇ ॥ 5

(ੲ) ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ 5

(ਸ) ਰੱਬਾ ! ਮੇਰੇ ਹਾਲ ਦਾ ਮਹਿਰਮ ਤੂੰ |1| ਰਹਾਓ ।
ਅੰਦਰਿ ਤੂੰ ਹੈਂ ਬਾਹਰ ਤੂੰ ਹੈਂ ਰੋਮਿ ਰੋਮਿ ਵਿੱਚ ਤੂੰ |1|
ਤੂੰ ਹੈ ਤਾਣਾ ਤੂੰ ਹੈ ਬਾਣਾ ਸਭੁ ਕਿਛੁ ਮੇਰਾ ਤੂੰ |2|
ਕਹੈ ਹੁਸੈਨ ਫਕੀਰ ਨਿਮਾਣਾ, ਮੈਂ ਨਾਹੀਂ ਸਭ ਤੂੰ |3| 5

5+5=10

3. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਗ-ਪਗ 40 ਸ਼ਬਦਾਂ ਵਿੱਚ ਲਿਖੋ :

(ੳ) ਸਭੁ ਕਿਛੁ ਮੇਰਾ ਤੂੰ (ਸ਼ਾਹ ਹੁਸੈਨ)

(ਅ) ਚੰਡੀ ਦੀ ਵਾਰ (ਗੁਰੂ ਗੋਬਿੰਦ ਸਿੰਘ ਜੀ) । 5

4. ਹੇਠ ਲਿਖੇ ਲੇਖਾਂ ਵਿੱਚੋਂ ਕਿਸੇ ਇੱਕ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ :

(ੳ) ਰਬਾਬ ਮੰਗਾਉਣ ਦਾ ਵਿਰਤਾਂਤ (ਗਿਆਨੀ ਦਿੱਤ ਸਿੰਘ)

(ਅ) ਮਹਾਂਕਵੀ ਕਾਲੀਦਾਸ (ਪ੍ਰੋ: ਪਿਆਰਾ ਸਿੰਘ ਪਦਮ) 7

5. ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ :

(ੳ) ਬਿਕ੍ਰਮੀ ਸੰਮਤ ਕਦੋਂ ਅਤੇ ਕਿਹੜੇ ਬਾਦਸ਼ਾਹ ਦੇ ਨਾਂ ਤੋਂ ਸ਼ੁਰੂ ਹੋਇਆ ? 3

(ਅ) ਲੋਕ ਭਲਵਾਨਾਂ ਦਾ ਕਿਵੇਂ ਸਤਿਕਾਰ ਕਰਦੇ ਸਨ ? 3

(ੲ) "ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਪਿਆਰ ਪੈਦਾ ਹੁੰਦਾ ਹੈ ।" ਇਸ ਕਥਨ ਦੀ ਵਿਆਖਿਆ ਕਰੋ । 3

(ਸ) ਮਹਾਰਾਜਾ ਰਣਜੀਤ ਸਿੰਘ ਨੇ ਕੈਦੀ ਦੀ ਸਜ਼ਾ ਮਾਫ਼ ਕਿਉਂ ਕਰ ਦਿੱਤੀ ? 3

3+3=6

6. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ ਇੱਕ ਕਹਾਣੀ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ :

(ੳ) ਇੱਕ ਪੈਰ ਘੱਟ ਤੁਰਨਾ (ਅਜੀਤ ਕੌਰ)

(ਅ) ਅੰਗ-ਸੰਗ (ਵਰਿਆਮ ਸਿੰਘ ਸੰਧੂ) 7

7. ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਸੰਖੇਪ ਵਿੱਚ ਲਿਖੋ :

(ੳ) ਪਿਤਾ ਦੇ ਜੇਲ੍ਹ ਜਾਣ 'ਤੇ ਲਾਜ ਨੇ ਆਪਣੀ ਭੂਆ ਵੀਰਾਂ ਵਾਲੀ ਨੂੰ ਕੀ ਕਿਹਾ ? 3

(ਅ) ਰਸ਼ੀਦ ਗੁਆਂਢੀ ਮੁੰਡੇ ਨਾਲ ਪਤੰਗ ਉਡਾਉਣ ਦੀ ਰੀਝ ਕਿਵੇਂ ਪੂਰੀ ਕਰਦਾ ਹੈ ? 3

(ੲ) ਬਲਵੰਤ ਰਾਏ ਦਾ ਸੁਭਾ ਕਿਹੋ-ਜਿਹਾ ਹੈ ? 3

(ਸ) ਕਰਤਾਰ ਸਿੰਘ ਦੇ ਛੋਟੀ ਉਮਰੇ ਦੁਨੀਆਂ ਤੋਂ ਤੁਰ ਜਾਣ ਦੇ ਕੀ ਕਾਰਨ ਸਨ ? 3

3+3=6

8. ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਪਾਤਰ-ਚਿਤਰਨ ਲਗ-ਪਗ 125 ਸ਼ਬਦਾਂ ਵਿੱਚ ਲਿਖੋ :

(ੳ) ਵਜ਼ੀਰਾ (ਇਕਾਂਗੀ : ਬੰਬ ਕੇਸ)

(ਅ) ਨਿਹਾਲ ਕੌਰ (ਇਕਾਂਗੀ : ਦੂਜਾ ਵਿਆਹ) । 6

9. ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਵਾਰਤਾਲਾਪ ਦੇ ਪ੍ਰਸ਼ਨਾਂ ਦੇ ਉੱਤਰ ਲਿਖੋ :

"ਮੈਂ ਵੀ ਪੰਜਾਬ ਤੋਂ ਚੱਲਣ ਲੱਗਿਆਂ ਕਸਮ ਖਾਧੀ, ਆਪਣੀ ਭਰਜਾਈ ਦਾ ਸੁਹਾਗ ਉਹਨੂੰ ਲੈ ਕੇ ਦਿਆਂਗਾ । ਸਮੁੰਦਰੋਂ ਪਾਰ ਦੇ ਰਿਵਾਜ ਨਾਲ ਮਰਸੀ ਦਾ ਸੁਹਾਗ ਹੋਰ ਬਣ ਸਕਦੈ, ਸ਼ਰਨਜੀਤ ਦਾ ਨਹੀਂ ਤੇ ਹੁਣ ਸ਼ਰਨਜੀਤ ਮੇਰੀ ਭਰਜਾਈ, ਛੁੱਟੜ ਵਾਪਸ ਨਹੀਂ ਜਾਵੇਗੀ । ਜੇ ਉਹ ਗਈ ਤਾਂ ਮੇਰੀ ਲਾਸ਼ ਤੋਂ ਲੰਘ ਕੇ ਜਾਵੇਗੀ ।"

ਪ੍ਰਸ਼ਨ : (ੳ) ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਹਨ ? 1

(ਅ) ਇਕਾਂਗੀ ਦੇ ਲੇਖਕ ਦਾ ਕੀ ਨਾਂ ਹੈ ? 1

(ੲ) ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ? 1

ਜਾਂ

"ਨਹੀਂ । ਤੂੰ ਭੁਲੇਖੇ ਵਿੱਚ ਰਿਹਾ ਹੈਂ । ਅਸ਼ੋਕ ਤੇ ਅਕਬਰ ਵਾਂਗ ਲੋਕਾਂ ਦੇ ਦਿਲਾਂ ਨੂੰ ਜਿੱਤਣ ਨਾਲ ਰਾਜ ਦੀਆਂ ਨੀਹਾਂ ਪੱਕੀਆਂ ਹੁੰਦੀਆਂ ਹਨ । ਸਿੱਖ, ਮਰਾਠੇ, ਰਾਜਪੂਤ, ਸੰਤ, ਸਾਧੂ, ਸ਼ੀਆ, ਸੂਫ਼ੀ, ਕੁੱਲ ਹਿੰਦੂ ਜਾਤੀ ਤੇਰੀ ਹਕੂਮਤ ਤੋਂ ਦੁਖੀ ਹੈ ।"

ਪ੍ਰਸ਼ਨ : (ੳ) ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਹਨ ? 1

(ਅ) ਇਕਾਂਗੀ ਦੇ ਲੇਖਕ ਦਾ ਕੀ ਨਾਂ ਹੈ ? 1

(ੲ) ਰਾਜ ਦੀਆਂ ਨੀਹਾਂ ਕਿਵੇਂ ਪੱਕੀਆਂ ਹੁੰਦੀਆਂ ਹਨ ? 1

1+1+1=3

10. ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਆਧਾਰ 'ਤੇ ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਪਾਤਰ-ਚਿਤਰਨ ਲਗ-ਪਗ 150 ਸ਼ਬਦਾਂ ਵਿੱਚ ਲਿਖੋ :

(ੳ) ਤਾਰੋ

(ਅ) ਦਿਆਲਾ

(ੲ) ਪਰਵੇਜ਼ । 7

11. ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 40 ਸ਼ਬਦਾਂ ਵਿੱਚ ਲਿਖੋ :

(ੳ) "ਪਰ ਪਤਾ ਨਹੀਂ ਕਈ ਬੰਦੇ ਗ਼ਰੀਬ ਦਾ ਹੱਕ ਕਿਉਂ ਮਾਰਦੇ ਐ ? ਬਈ ਹੱਕ ਦੇ ਦਿਓ ਗ਼ਰੀਬ ਨੂੰ ਉਸ ਦਾ, ਫੇਰ ਕਾਹਦਾ ਰੇੜਕਾ ?"

(ਅ) "ਲੋਕ-ਰਾਜ ਦਾ ਮਤਲਬ, ਲੋਕਾਂ ਦਾ ਰਾਜ-ਜਿਸ ਤਰ੍ਹਾਂ ਕਿ ਸਾਡੇ ਮੁਲਕ ਵਿੱਚ ਐ । ਲੋਕ ਈ ਰਾਜ ਕਰਦੇ ਐ, ਰਾਜੇ-ਮਹਾਰਾਜੇ ਨਹੀਂ ਕਰਦੇ ।" 1+2=3